# ਪੰਜਾਬ ਸਰਕਾਰ

## ਸਕੂਲ ਸਿੱਖਿਆ ਵਿਭਾਗ

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਪੰਜਾਬ।
2. ਸਮੂਹ ਬੀ.ਪੀ.ਈ.ਓ., ਪੰਜਾਬ।
3. ਸਮੂਹ ਸਰਕਾਰੀ ਸਕੂਲ ਮੁੱਖੀ, ਪੰਜਾਬ।

ਮੀਮੋ ਨੰਬਰ- ਸਸਅ / ਵਿਤ / 2020-21/2020230014

ਮਿਤੀ, ਐਸ.ਏ.ਐਸ.ਨਗਰ- 21-09-2020

ਵਿਸ਼ਾ- **ਪੰਜਾਬ ਸਮੱਗਰਾ ਸਿੱਖਿਆ ਸਕੀਮ ਅਧੀਨ e-Punjab ਪੋਰਟਲ ਤੇ ਡਾਟਾ ਮੁਕੰਮਲ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਸਮੱਗਰਾ ਸਿੱਖਿਆ ਸਕੀਮ ਅਧੀਨ ਜਾਰੀ ਕੀਤੇ ਗਏ ਫੰਡਜ਼ ਦੀ ਮੋਨਿਟਰਿੰਗ ਵਿੱਚ ਜਿਲ੍ਹਾ ਦਫ਼ਤਰਾਂ ਤੋਂ ਡਾਟਾ ਆਉਣ ਵਿੱਚ ਕਾਫੀ ਸਮਾਂ ਬਰਬਾਦ ਹੁੰਦਾ ਸੀ ਅਤੇ ਕਾਗਜੀ ਕਾਰਵਾਈ ਲਈ ਕਾਫੀ ਸਮਾਂ ਲੱਗ ਜਾਂਦਾ ਸੀ। ਅਜਿਹੀਆਂ ਸਮੱਸਿਆਂਵਾਂ ਨੂੰ ਮੁੱਖ ਰੱਖਦੇ ਹੋਏ ਸਿੱਖਿਆ ਵਿਭਾਗ ਪੰਜਾਬ ਵੱਲੋਂ ਈ-ਪੰਜਾਬ_ਸਕੂਲ ਪੋਰਟਲ ਤੇ ਜਾਰੀ ਕੀਤੇ ਗਏ ਫੰਡਜ਼ ਦੀ ਆਨਲਾਈਨ ਮੋਨਿਟਰਿੰਗ ਕਰਨ ਲਈ ਸਾਫਟਵੇਅਰ ਤਿਆਰ ਕੀਤਾ ਗਿਆ ਹੈ। ਇਸ ਸਾਫਟਵੇਅਰ ਦੀ ਮਦਦ ਨਾਲ ਹੁਣ ਸਕੂਲ ਮੁੱਖੀ/ ਬੀ.ਪੀ.ਓ, ਮੁੱਖ ਦਫ਼ਤਰ ਵੱਲੋਂ ਜਾਰੀ ਫੰਡਜ ਅਤੇ ਖਰਚੇ ਦਾ ਵੇਰਵਾ ਆਪਣੇ ਸਕੂਲ ਜਾਂ ਦਫਤਰ ਦੇ ਈ-ਪੰਜਾਬ ਸਕੂਲ ਪੋਰਟਲ ਤੇ ਲੋਗ-ਇੰਨ ਆਈ.ਡੀ ਵਿੱਚ ਜਾ ਕੇ ਦਰਜ ਕਰਨਗੇ। ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ:-

i. ਸਕੂਲ ਮੁੱਖੀ/ ਬੀ.ਪੀ.ਓ ਵੱਲੋਂ ਹਰ ਸਮੇਂ ਡਾਟਾ ਅਪਡੇਟ ਰੱਖਿਆ ਜਾਵੇ।
ii. ਪੋਰਟਲ ਤੇ ਉਪਬਲਧ ਡਾਟੇ ਨੂੰ ਹੀ ਫਾਇਨਲ ਮੰਨਿਆ ਜਾਵੇਗਾ।
iii. ਵੱਖਰੇ ਤੌਰ ਤੇ ਸਕੂਲ ਅਤੇ ਬੀ.ਪੀ.ਓ ਵੱਲੋਂ ਇਸ ਸਬੰਧੀ ਹਾਰਡ ਕਾਪੀਆਂ ਜਿਲ੍ਹਾ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ।

2.0 ਉਪਰੋਕਤ ਸਬੰਧੀ ਆਨ-ਲਾਈਨ ਡਾਟਾ ਦਰਜ ਕਰਨ ਵਿੱਚ ਕਿਸੇ ਵੀ ਪੱਧਰ ਤੇ ਜੇਕਰ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਆਪਣੇ ਸਬੰਧਤ ਜਿਲ੍ਹਾ ਦਫ਼ਤਰ ਦੇ ਐਮ.ਆਈ.ਐਸ. ਦੇ ਕੋ-ਆਰਡੀਨੇਟਰ ਨਾਲ ਸਪੰਰਕ ਕਰ ਸਕਦੇ ਹਨ।

ਇੰਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰਬਰ- ਉਕਤ ਮਿਤੀ, ਐਸ.ਏ.ਐਸ.ਨਗਰ-

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਸਕੱਤਰ ਸਕੂਲ ਸਿੱਖਿਆ